
# ਪਾਠ-3

# ਪੰਜਾਬ ਦੇ ਰਸਮ-ਰਿਵਾਜ

## ਲੇਖਕ:ਗੁਲਜ਼ਾਰ ਸਿੰਘ ਸੰਧੂ

**ਪ੍ਰਸ਼ਨ: ਮਨੁੱਖੀ ਜੀਵਨ ਵਿੱਚ ਰਸਮਾਂ-ਰਿਵਾਜਾਂ ਦਾ ਕੀ ਮਹੱਤਵ ਹੈ ?**

ਉੱਤਰ :ਰਸਮਾਂ-ਰਿਵਾਜਾਂ ਦਾ ਪੰਜਾਬੀ ਜੀਵਨ ਵਿੱਚ ਬਹੁਤ ਮਹੱਤਵ ਹੈ। ਮਨੁੱਖ ਨੇ ਦੇਵੀ ਤਾਕਤਾਂ ਨੂੰ ਰਿਝਾਉਣ ਅਤੇ ਪਤਿਆਉਣ ਲਈ ਰਸਮਾਂ-ਰਿਵਾਜਾਂ ਨੂੰ ਪੈਦਾ ਕੀਤਾ ਹੈ।ਰਸਮ-ਰਿਵਾਜ ਜਨਮ, ਵਿਆਹ ਅਤੇ ਮੌਤ ਨਾਲ ਸਬੰਧਿਤ ਹੁੰਦੇ ਹਨ। ਰਸਮਾਂ-ਰਿਵਾਜਾਂ ਦਾ ਪੰਜਾਬੀ ਜੀਵਨ ਵਿੱਚ ਮਹੱਤਵ ਹੇਠ ਲਿਖੇ ਅਨੁਸਾਰ ਹੈ:-




**ਦੁੱਖ- ਸੁੱਖ ਦੀ ਸਾਂਝ** -:ਰਸਮਾਂ-ਰਿਵਾਜਾਂ ਦਾ ਅਸਲੀ ਰੂਪ ਜਨਮ, ਵਿਆਹ ਅਤੇ ਮੌਤ ਵਰਗਿਆਂ ਦੁਖਦਾਈ ਮੌਕਿਆਂ ਉੱਪਰ ਸਾਹਮਣੇ ਆਉਂਦਾ ਹੈ। ਰਸਮ-ਰਿਵਾਜ ਖੁਸ਼ੀ ਦੇ ਮੌਕੇ ਨੂੰ ਸੁਹਾਵਣਾ ਅਤੇ ਦੁੱਖਦਾਈ ਘੜੀ ਵਿੱਚ ਮਨ ਦਾ ਭਾਰ ਹਲਕਾ ਕਰਨ ਵਿਚ ਸਹਾਈ ਹੁੰਦੇ ਹਨ।

**ਆਪਸੀ ਭਾਈਵਾਲੀ** :-ਰਸਮਾਂ-ਰਿਵਾਜਾਂ ਕਰਕੇ ਹੀ ਭਾਈਚਾਰਾ ਖ਼ੁਸ਼ੀ ਅਤੇ ਗ਼ਮੀ ਦੇ ਮੌਕਿਆਂ ਤੇ ਇਕੱਠਾ ਹੁੰਦਾ ਹੈ| ਜਿਸ ਨਾਲ ਆਪਸੀ ਭਾਈਵਾਲੀ ਅਤੇ ਸੱਭਿਆਚਾਰਕ ਸਾਂਝਾਂ ਵਧਦੀਆਂ ਹਨ ।

**ਭਵਿੱਖ ਪ੍ਰਤੀ ਸੁਚੇਤਤਾ** :-ਮਨੁੱਖੀ ਜੀਵਨ ਵਿੱਚ ਜੀਵਨ ਦੇ ਵੱਖ -ਵੱਖ ਮੌਕਿਆਂ ਉੱਪਰ ਰਸਮਾਂ- ਰਿਵਾਜਾਂ ਵਿੱਚ ਸਮੁੱਚਾ ਭਾਈਚਾਰਾ ਸ਼ਾਮਿਲ ਹੁੰਦਾ ਹੈ ।ਇਸ ਸਮੇਂ ਇੱਕ- ਦੂਸਰੇ ਨੂੰ ਕਰੀਬ ਤੋਂ ਜਾਨਣ ਦਾ ਮੌਕਾ ਮਿਲਦਾ ਹੈ ।ਰਸਮਾਂ-ਰਿਵਾਜਾਂ ਕਰਕੇ ਹੀ ਭਵਿੱਖ ਲਈ ਅਸੀਂ ਸੁਚੇਤ ਰੂਪ ਵਿੱਚ ਜਾਗਰੂਕ ਹੁੰਦੇ ਹਾਂ ।

**ਰਿਸ਼ਤਿਆਂ ਵਿੱਚ ਨੇੜਤਾ**:- ਰਸਮ-ਰਿਵਾਜ ਸਾਡੇ ਜੀਵਨ ਵਿੱਚ ਜਨਮ ਤੋਂ ਲੈ ਕੇ ਮੌਤ ਤਕ ਜੁੜੇ ਹੁੰਦੇ ਹਨ ।ਇਨ੍ਹਾਂ ਨਾਲ ਸਾਡੀ ਰਿਸ਼ਤਿਆਂ ਦੀ ਨੇੜਤਾ ਅਤੇ ਨਿੱਘ ਹਮੇਸ਼ਾਂ ਕਾਇਮ ਰਹਿੰਦਾ ਹੈ| ਰਸਮ- ਰਿਵਾਜਾਂ ਦੀਆਂ ਤਿੰਨ ਝਾਕੀਆਂ ਦਾ ਮੰਚ ਸਾਡੇ ਘਰ ਦਾ ਵਿਹੜਾ ਹੁੰਦਾ ਹੈ| ਜਨਮ, ਵਿਆਹ ਅਤੇ ਮੌਤ ਦੇ ਸੰਸਕਾਰਾਂ ਦੀ ਅਗਵਾਈ ਕ੍ਰਮਵਾਰ ਦਾਈ, ਨਾਈ ਤੇ ਭਾਈ ਕਰਦੇ ਹਨ ।

**ਚਾਅ ਅਤੇ ਉਤਸ਼ਾਹ ਦਾ ਪ੍ਰਗਟਾਵਾ** :-ਰਸਮਾਂ-ਰਿਵਾਜਾਂ ਸਦਕੇ ਹੀ ਅਸੀਂ ਜਨਮ ਅਤੇ ਵਿਆਹ ਜਿਹੇ ਖੁਸ਼ੀਆਂ ਦੇ ਮੌਕਿਆਂ ਤੇ ਆਪਣੇ ਉਤਸ਼ਾਹ ਦਾ ਪ੍ਰਗਟਾਵਾ ਕਰਦੇ ਹਾਂ । ਇਹ ਰਸਮ-ਰਿਵਾਜ ਹੀ ਹਨ, ਜੋ ਸਾਡੀ ਖ਼ੁਸ਼ੀ ਨੂੰ ਦੁੱਗਣਾ ਕਰ ਦਿੰਦੇ ਹਨ ।

**ਪ੍ਰਸ਼ਨ:- ਰਸਮਾਂ-ਰਿਵਾਜਾਂ ਦੇ ਪੈਦਾ ਹੋਣ ਦੇ ਕੀ ਕਾਰਨ ਦੱਸੇ ਗਏ ਹਨ ?**

ਉੱਤਰ :-ਜੇਕਰ ਰਸਮਾਂ- ਰਿਵਾਜ਼ਾਂ ਦੀਆਂ ਵੱਖ-ਵੱਖ ਕਿਸਮਾਂ ਦੀ ਅਸੀਂ ਗੱਲ ਕਰਦੇ ਹਾਂ ਤਾਂ ਸਾਡੇ ਕੋਲ ਜਨਮ ਦੇ ਰਸਮ-ਰਿਵਾਜ ,ਵਿਆਹ ਦੇ ਰਸਮ-ਰਿਵਾਜ ਅਤੇ ਮੌਤ ਦੇ ਰਸਮ-ਰਿਵਾਜ ਮਿਲਦੇ ਹਨ| ਰਸਮ-ਰਿਵਾਜ ਕਿਸ ਤਰ੍ਹਾਂ ਪੈਦਾ ਹੋਏ ?ਇਸਦੇ ਕਈ ਕਾਰਨ ਦੱਸੇ ਜਾਂਦੇ ।ਰਸਮ -ਰਿਵਾਜਾਂ ਦੇ ਪੈਦਾ ਹੋਣ ਦੇ ਪਿੱਛੇ ਕੀ ਮਨੋਰਥ ਕੰਮ ਕਰਦੇ ਹਨ, ਇਹ ਬੜਾ ਹੀ ਦਿਲਚਸਪ ਵਿਸ਼ਾ ਹੈ ।




**ਦੈਵੀ ਤਾਕਤਾਂ ਦਾ ਭੈਅ** :-ਮੁੱਢਲੇ ਮਨੁੱਖ ਨੂੰ ਦੈਵੀ ਤਾਕਤਾਂ ਤੋਂ ਬਹੁਤ ਜ਼ਿਆਦਾ ਡਰ ਲੱਗਦਾ ਸੀ ।ਉਨ੍ਹਾਂ ਦੈਵੀ ਤਾਕਤਾਂ ਨੂੰ ਪਤਿਆਉਣ ਅਤੇ ਰਿਝਾਉਣ ਲਈ ਬਹੁਤ ਸਾਰੇ ਸੰਸਕਾਰਾਂ ਦਾ ਆਰੰਭ ਹੋਇਆ ।

**ਖ਼ੁਸ਼ੀਆਂ ਦਾ ਪ੍ਰਗਟਾਵਾ:-** ਕੁਝ ਸੰਸਕਾਰ ਖ਼ੁਸ਼ੀਆਂ ਦੇ ਪ੍ਰਗਟਾਵੇ ਵਿੱਚੋਂ ਪੈਦਾ ਹੋਏ ਮੰਨੇ ਜਾਂਦੇ ਹਨ ।ਕਿਸੇ ਵੀ ਖ਼ੁਸ਼ੀ ਦੇ ਮੌਕੇ ਨੂੰ ਹੋਰ ਦਿਲਚਸਪ ਅਤੇ ਸੁਹਾਵਣਾ ਬਣਾਉਣ ਲਈ ਰਸਮਾਂ-ਰਿਵਾਜਾਂ ਦਾ ਸਹਾਰਾ ਲਿਆ ਜਾਂਦਾ ਹੈ। ਇਹ ਖ਼ੁਸ਼ੀ ਦੇ ਮੌਕੇ ਨੂੰ ਦਿਲਚਸਪ ਅਤੇ ਸਾਡੀਆਂ ਖ਼ੁਸ਼ੀਆਂ ਨੂੰ ਚੌਗੁਣਾ ਬਣਾ ਦਿੰਦੇ ਹਨ ।

**ਭਾਈਚਾਰਕ ਵੰਡ** :-ਮਨੂ ਦੁਆਰਾ ਭਾਈਚਾਰਕ ਵੰਡ ਅਨੁਸਾਰ ਮਨੁੱਖ ਦੇ ਜੀਵਨ ਨੂੰ ਚਾਰ ਭਾਗਾਂ ਬ੍ਰਹਮਚਾਰੀ, ਗ੍ਰਹਿਸਥ ,ਵਾਣਪ੍ਰਸਥ ਅਤੇ ਸੰਨਿਆਸ ਵਿੱਚ ਵੰਡਿਆ ਗਿਆ । ਹਰ ਭਾਗ ਨਾਲ ਵੱਖ- ਵੱਖ ਸੰਸਕਾਰ ਬੱਝੇ ਹੋਏ ਹਨ। ਇਸ ਵੰਡ ਵਿੱਚੋਂ ਵੀ ਕਈ ਸਾਰੇ ਰਸਮਾਂ-ਰਿਵਾਜਾਂ ਦਾ ਜਨਮ ਹੋਇਆ ।

**ਚਿੰਤਾਵਾਂ ਤੋਂ ਮੁਕਤੀ** :ਮਨੁੱਖੀ ਜ਼ਿੰਦਗੀ ਦੇ ਵੱਖ- ਵੱਖ ਭਾਗਾਂ ਵਿੱਚ ਬੱਝੇ ਸੰਸਕਾਰਾਂ ਦੀ ਮਰਿਆਦਾ ਵਿੱਚ ਰਹਿਣ ਕਰਕੇ, ਰੋਜ਼ਾਨਾ ਜੀਵਨ ਦੀਆਂ ਅਨੇਕਾਂ ਸਮੱਸਿਆਵਾਂ ਦੀ ਚਿੰਤਾ ਦਾ ਭਾਰ ਆਪਣੇ ਮਨ ਉੱਤੇ ਪਾਉਣ ਦੀ ਥਾਂ ਇਨ੍ਹਾਂ ਰਸਮਾਂ-ਰਿਵਾਜਾਂ ਉਪਰ ਛੱਡ ਦਿੱਤਾ ਜਾਂਦਾ ਹੈ। ਸੰਸਕਾਰ ਮਨ ਨੂੰ ਚਿੰਤਾ ਮੁਕਤ ਕਰਕੇ ਹਲਕਾ- ਫੁਲਕਾ ਕਰ ਦਿੰਦੇ ਹਨ।

ਅਜੋਕੇ ਸਮੇਂ ਵਿੱਚ ਬਹੁਤ ਸਾਰੇ ਰਸਮ-ਰਿਵਾਜ ਅਲੋਪ ਹੁੰਦੇ ਜਾ ਰਹੇ ਹਨ। ਸਮੇਂ ਤੇ ਬਦਲਦੀਆਂ ਪ੍ਰਸਥਿਤੀਆਂ ਅਨੁਸਾਰ ਸਾਨੂੰ ਇਨ੍ਹਾਂ ਰਸਮਾਂ-ਰਿਵਾਜਾਂ ਦੀ ਸਾਂਭ ਸੰਭਾਲ ਕਰਨਾ ਵੀ ਜ਼ਰੂਰੀ ਹੈ ।



**ਪ੍ਰਸ਼ਨ :ਪੰਜਾਬ ਵਿਚ ਬੱਚੇ ਦੇ ਜਨਮ ਨਾਲ ਸਬੰਧਿਤ ਕਿਹੜੇ- ਕਿਹੜੇ ਰਸਮ-ਰਿਵਾਜ ਹਨ ?**

ਉੱਤਰ :-ਸਾਡੇ ਬਹੁਤੇ ਰਸਮ- ਰਿਵਾਜ ਅਗਨੀ ,ਪਾਣੀ, ਲੋਹਾ, ਅਨਾਜ ਅਤੇ ਬਿਰਖਾਂ ਦੀਆਂ ਟਹਿਣੀਆਂ ਨਾਲ ਨੇਪਰੇ ਚਾੜ੍ਹੇ ਜਾਂਦੇ ਹਨ। ਇਨ੍ਹਾਂ ਸਾਰੇ ਸੰਸਕਾਰਾਂ ਵਿੱਚੋਂ ਸਭ ਤੋਂ ਪਹਿਲਾਂ ਅਸੀਂ ਜਨਮ ਨਾਲ ਸਬੰਧਿਤ ਰਸਮਾਂ-ਰਿਵਾਜਾਂ ਬਾਰੇ ਵਿਚਾਰ ਚਰਚਾ ਕਰਦੇ ਹਾਂ ।




**ਜਨਮ ਦੇ ਸੰਸਕਾਰ** :-ਪਹਿਲੇ ਸਮਿਆਂ ਵਿੱਚ ਪ੍ਰੇਤ ਰੂਹਾਂ ਤੋਂ ਬਚਣ ਲਈ ਤੀਜੇ, ਪੰਜਵੇਂ ਜਾਂ ਸੱਤਵੇਂ ਮਹੀਨੇ ਇਸਤਰੀ ਦੇ ਪੱਲੇ ਅਨਾਜ ਪਾਇਆ ਜਾਂਦਾ ਸੀ। ਜੇਕਰ ਕੁੜੀ ਸਹੁਰੇ ਘਰ ਹੋਵੇ ਤਾਂ ਇਹ ਅਨਾਜ ਪੇਕੇ ਪਰਿਵਾਰ ਵਾਲਿਆਂ ਨੇ ਹੀ ਭੇਜਣਾ ਹੁੰਦਾ ਸੀ। ਉਹ ਇਸ ਨੂੰ ਰਿੰਨ੍ਹ ਕੇ ਖਾਂਦੀ ਸੀ ਤੇ ਭਾਈਚਾਰੇ ਵਿੱਚ ਵੀ ਵੰਡਦੀ ਸੀ ।ਕਿਉਂਕਿ ਉਸ ਦੀ ਮਾਂ ਉਸ ਦੀਆਂ ਵਿਸ਼ੇਸ਼ ਲੋੜਾਂ ਤੋਂ ਚੰਗੀ ਤਰ੍ਹਾਂ ਜਾਣੂ ਹੁੰਦੀ ਸੀ ਸੋ ਜਣੇਪੇ ਸਮੇਂ ਅਕਸਰ ਕੁੜੀ ਨੂੰ ਆਪਣੇ ਪੇਕੇ ਪਰਿਵਾਰ ਵਿੱਚ ਭੇਜ ਦਿੱਤਾ ਜਾਂਦਾ ਸੀ ।

ਜਣੇਪੇ ਤੋਂ ਮਗਰੋਂ ਮਾਂ ਅਤੇ ਬੱਚੇ ਨੂੰ ਧੂਫ ਦਿੱਤੀ ਜਾਂਦੀ ਸੀ । ਇੱਕ ਦੀਵਾ ਬਾਲ ਕੇ ਰੱਖਿਆ ਜਾਂਦਾ ਸੀ ,ਜਿਹੜਾ ਲਗਾਤਾਰ ਦਸ ਦਿਨ ਚੱਲਦਾ ਰਹਿੰਦਾ ਸੀ। ਪਿੰਡ ਦੇ ਲਾਗੀ ਵਧਾਈ ਲੈ ਕੇ ਆਉਂਦੇ ਹਨ ।ਮੁੰਡਾ ਜੰਮਣ ਤੇ ਲਾਗੀਆਂ ਨੂੰ ਸ਼ਰਧਾ ਅਨੁਸਾਰ ਗੁੜ ,ਮਿਸ਼ਰੀ ਅਤੇ ਪਤਾਸੇ ਦਿੱਤੇ ਜਾਂਦੇ ਸਨ ।

**ਗੁੜ੍ਹਤੀ ਦੀ ਰਸਮ** :-ਜਨਮ ਤੋਂ ਪਿੱਛੋਂ ਗੁੜ, ਸ਼ਹਿਦ , ਦੁੱਧ ਜਾਂ ਕੋਈ ਮਿੱਠੀ ਚੀਜ਼ ਬੱਚੇ ਦੇ ਮੂੰਹ ਨੂੰ ਲਾਈ ਜਾਂਦੀ ਸੀ ।ਇਸ ਨੂੰ ਗੁੜ੍ਹਤੀ ਦੀ ਰਸਮ ਕਿਹਾ ਜਾਂਦਾ ਹੈ। ਮੰਨਿਆ ਜਾਂਦਾ ਸੀ ਕਿ ਬੱਚੇ ਦਾ ਸੁਭਾਅ ਗੁੜ੍ਹਤੀ ਦੇਣ ਵਾਲੇ ਜਿਹਾ ਹੀ ਹੋ ਜਾਂਦਾ ਹੈ । ਕਈ ਵਾਰੀ ਔਰਤਾਂ ਪਹਿਲਾਂ ਹੀ ਜਿਸ ਤੋਂ ਗੁੜ੍ਹਤੀ ਦਿਵਾਉਣੀ ਹੋਵੇ ਉਸ ਦਾ ਨਾਮ ਆਪਣੇ ਮਨ ਵਿਚ ਤੈਅ ਕਰ ਲੈਂਦੀਆਂ ਸਨ ।

**ਪੰਜਵੀਂ ਨਹਾਉਣ** :- ਜਣੇਪੇ ਤੋਂ ਪੰਜ ਦਿਨ ਬਾਅਦ ਪੰਜਵੀਂ ਨਹਾਉਣ ਦੀ ਰਸਮ ਕੀਤੀ ਜਾਂਦੀ ਸੀ। ਮਾਂ ਪਾਣੀ ਵਿੱਚ ਸੌਂਜੀ, ਮੇਥੀ, ਜਵੈਣ ਦੇ ਪੱਤੇ ਉਬਾਲ ਕੇ ਨਹਾਉਂਦੀ ਸੀ ।ਦਾਈ ਨਹਾਉਣ ਤੋਂ ਪਹਿਲਾਂ ਮਾਂ ਦੀਆਂ ਤਲੀਆਂ ਥੱਲੇ ਕੁਝ ਨਕਦੀ ਰਖਾ ਲੈਂਦੀ ਸੀ ।ਜੋ ਕਿ ਬਾਅਦ ਵਿੱਚ ਦਾਈ ਲੈ ਜਾਂਦੀ ਸੀ।

**ਛਟੀ ਦੀ ਰਸਮ** :-ਛੇਵੇਂ ਦਿਨ ਛਟੀ ਦੀ ਰਸਮ ਕੀਤੀ ਜਾਂਦੀ ਸੀ। ਚੌਂਕ ਪੂਰ ਕੇ ਮਾਂ ਨੂੰ ਰੋਟੀ ਖਵਾਈ ਜਾਂਦੀ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਮਾਂ ਜਿਨ੍ਹਾਂ ਰੱਜ ਕੇ ਰੋਟੀ ਖਾਏਗੀ ਬੱਚੇ ਦੀ ਨੀਅਤ ਉਨੀ ਹੀ ਭਰੀ ਰਹੇਗੀ।

**ਬਾਹਰ ਵਧਾਉਣਾ** :ਤੇਰ੍ਹਵੇਂ ਦਿਨ ਬਾਹਰ ਵਧਾਉਣ ਦੀ ਰਸਮ ਕੀਤੀ ਜਾਂਦੀ ਹੈ ।ਮੁੰਡਾ ਹੋਵੇ ਤਾਂ ਲਾਗੀ ਤੋਹਫ਼ੇ ਲੈ ਕੇ ਆਉਂਦੇ ਹਨ। ਮਹਿਰਾ ਮੌਲੀ ਵਿੱਚ ਸਰੀਂਹ ਦੇ ਪੱਤਿਆਂ ਦਾ ਸਿਹਰਾ, ਤਰਖਾਣ ਗੁੱਲੀ -ਡੰਡਾ ,ਮੋਚੀ ਮੌਜੇ ,ਘੁਮਿਆਰ ਝੱਜਰ ਤੇ ਦਾਈ ਤੜਾਗੀ ਲੈ ਕੇ ਆਉਂਦੀ ਹੈ। ਸ਼ਾਮ ਨੂੰ ਬੱਚੇ ਦੀ ਮਾਂ ਹੱਥ ਵਿੱਚ ਪਾਣੀ ਦੀ ਗੜਵੀ ਲੈ ਕੇ ਬਾਹਰ ਜਾਂਦੀ ਹੈ ਤੇ ਬਾਹਰੋਂ ਹਰਾ ਘਾਹ ਪੁੱਟ ਕੇ ਲਿਆਉਂਦੀ ਹੈ। ਇਸ ਨੂੰ ਸ਼ਗਨਾਂ ਦਾ ਸੂਚਕ ਸਮਝਿਆ ਜਾਂਦਾ ਹੈ ।

**ਵਧਾਈ ਅਤੇ ਛੂਛਕ** :ਜੇ ਮੁੰਡਾ ਜੰਮਿਆ ਹੋਵੇ ਤਾਂ ਦਾਦਕਿਆਂ ਨੂੰ ਨਾਈ ਦੇ ਹੱਥ ਦੁੱਭ, ਖੰਮਣੀ ਅਤੇ ਗੁੜ ਭੇਜਿਆ ਜਾਂਦਾ ਹੈ। ਉਹ ਅੱਗੋਂ ਭੇਲੀ ਦੇ ਬਦਲੇ ਆਪਣੀ ਨੂੰਹ ਦੇ ਲਈ ਗਹਿਣੇ ਅਤੇ ਕੱਪੜੇ ਭੇਜਦੇ ਹਨ ।ਭੇਲੀ ਪਹੁੰਚਣ ਤੇ ਨਾਨਕਿਆਂ ਵੱਲੋਂ ਛੂਛਕ ਦੇਣ ਦਾ ਰਿਵਾਜ ਵੀ ਹੈ ।

**ਨਾਮ ਸੰਸਕਾਰ** : ਪੰਜਾਬ ਵਿੱਚ ਨਾਮਕਰਨ ਲਈ ਕੋਈ ਖਾਸ ਰਸਮ ਨਹੀਂ ਕੀਤੀ ਜਾਂਦੀ। ਆਪਣੇ- ਆਪਣੇ ਧਰਮ ਗ੍ਰੰਥ ਦਾ ਪੰਨਾ ਗ੍ਰੰਥੀ ਜਾਂ ਪੰਡਤ ਤੋਂ ਖੁੱਲ੍ਹਵਾ ਕੇ ਪੰਨੇ ਦੇ ਪਹਿਲੇ ਅੱਖਰ ਤੇ ਹੀ ਕੋਈ ਨਾ ਕੋਈ ਨਾਮ ਰੱਖ ਲਿਆ ਜਾਂਦਾ ਹੈ ।

**ਮੁੰਡਨ ਸੰਸਕਾਰ** :ਇਹ ਸੰਸਕਾਰ ਤੀਜੇ, ਪੰਜਵੇਂ ਸਾਲ ਵਿੱਚ ਕੀਤਾ ਜਾਂਦਾ ਹੈ। ਮੁੰਡਨ ਸੰਸਕਾਰ ਤੋਂ ਬਾਅਦ ਬੱਚਿਆਂ ਨੂੰ ਜਨੇਊ ਪਾਉਣ ਅਤੇ ਅੰਮ੍ਰਿਤ ਛਕਾਉਣ ਦੀ ਰੀਤ ਵੀ ਪ੍ਰਚੱਲਿਤ ਹੈ। ਇਹ ਸੰਸਕਾਰ ਵੱਖ -ਵੱਖ ਭਾਈਚਾਰਿਆਂ ਵਿੱਚ ਆਪਣੇ ਧਾਰਮਿਕ ਸੰਸਕਾਰਾਂ ਅਨੁਸਾਰ ਕੀਤੇ ਜਾਂਦੇ ਹਨ ।

**ਪ੍ਰਸ਼ਨ: ਪਹਿਲੇ ਸਮਿਆਂ ਵਿਚ ਮੁੰਡੇ ਅਤੇ ਕੁੜੀ ਦੇ ਜੰਮਣ ਤੇ ਰਸਮਾਂ-ਰਿਵਾਜਾਂ ਦੇ ਪੱਖ ਤੋਂ ਕੀ ਵਿਤਕਰਾ ਕੀਤਾ ਜਾਂਦਾ ਸੀ? ਹੁਣ ਇਹ ਵਿਤਕਰਾ ਕਿਵੇਂ ਘਟਦਾ ਜਾ ਰਿਹਾ ਹੈ ?**

ਉੱਤਰ: ਪਹਿਲੇ ਸਮਿਆਂ ਵਿੱਚ ਸਾਰੇ ਚਾਅ ਮਲ੍ਹਾਰ ਤੇ ਰਸਮਾਂ- ਰੀਤਾਂ ਮੁੰਡਿਆਂ ਲਈ ਹੀ ਕੀਤੀਆਂ ਜਾਂਦੀਆਂ ਸਨ ।ਧੀ ਜੰਮਦੀ ਸੀ ਤਾਂ ਮਾਪਿਆਂ ਦੇ ਭਾਅ ਦਾ ਪਹਾੜ ਡਿੱਗ ਪੈਂਦਾ ਸੀ। ਨਾ ਕੋਈ ਵਧਾਈ ਦਿੱਤੀ ਜਾਂਦੀ ਸੀ ਅਤੇ ਨਾ ਹੀ ਕੋਈ ਲੱਡੂ ਵੰਡੇ ਜਾਂਦੇ ਸਨ। ਧੀਆਂ ਦਾ ਨਾਮਕਰਨ ਸੰਸਕਾਰ ਵੀ ਕੋਈ ਨਹੀਂ ਸੀ ਹੁੰਦਾ। **ਕੰਨ -ਵਿੰਨ੍ਹ ਸੰਸਕਾਰ** ਵੀ ਨਾ ਮਾਤਰ ਹੀ ਹੁੰਦਾ ਸੀ। ਕੋਈ ਵੀ ਵਣਜਾਰਾ ਵੰਗਾਂ ਚੜ੍ਹਾਉਣ ਆਵੇ ਤਾਂ ਕੰਨ ਵਿੰਨ ਜਾਂਦਾ ਸੀ। ਕੁੜੀਆਂ ਉਸ ਨੂੰ ਗੁੜ ਦੀ ਰੋੜੀ ਤੇ ਆਪਣੀ ਮਾਂ ਤੋਂ ਕੋਈ ਦੁਆਨੀ- ਚੁਆਨੀ ਲੈ ਕੇ ਦਿੰਦੀਆਂ ਸਨ ।

ਪਰ ਹੁਣ ਸਮਾਂ ਬਦਲ ਚੁੱਕਾ ਹੈ ।ਲੋਕਾਂ ਦਾ ਧੀਆਂ ਦੇ ਪ੍ਰਤੀ ਦ੍ਰਿਸ਼ਟੀਕੋਣ ਵੀ ਬਦਲ ਰਿਹਾ ਹੈ। ਛੋਟੇ ਪਰਿਵਾਰਾਂ ਦੀ ਲੋੜ ਨੇ ਮਾਪਿਆਂ ਦਾ ਹਰ ਬੱਚੇ ਦੇ ਪ੍ਰਤੀ ਰੁਝਾਨ ਬਦਲਿਆ ਹੈ । ਉਂਜ ਵੀ ਧੀਆਂ ਪੜ੍ਹ- ਲਿਖ ਗਈਆਂ ਹਨ ਅਤੇ ਕਮਾਉਣ ਲੱਗ ਪਈਆਂ ਹਨ ।ਅੱਜ-ਕੱਲ੍ਹ ਦੀਆਂ ਧੀਆਂ ਮਾਪਿਆਂ ਉਪਰ ਬੋਝ ਨਹੀਂ ਸਗੋਂ ਉਨ੍ਹਾਂ ਦਾ ਸਹਾਰਾ ਬਣਦੀਆਂ ਹਨ । ਧੀਆਂ ਵੀ ਮੁੰਡਿਆਂ ਦੇ ਬਰਾਬਰ ਹਰ ਖੇਤਰ ਵਿਚ ਕੰਮ ਕਰਦੀਆਂ ਹਨ, ਜਿਸ ਦੇ ਸਦਕਾ ਭਾਰ ਨਾ ਬਣਨ ਦੇ ਕਾਰਨ ਉਨ੍ਹਾਂ ਦਾ ਘਰ ਵਿਚ ਸਤਿਕਾਰਯੋਗ ਸਥਾਨ ਹੋ ਗਿਆ ਹੈ। ਹੁਣ ਜਦੋਂ ਘਰ ਵਿਚ ਧੀ ਪੈਦਾ ਹੁੰਦੀ ਹੈ ਤਾਂ ਲੋਕਾਂ ਵੱਲੋਂ ਮੁੰਡੇ ਦੀ ਤਰ੍ਹਾਂ ਹੀ ਸਭ ਰਸਮੋ- ਰਿਵਾਜ ਕੀਤੇ ਜਾਂਦੇ ਹਨ। ਲੱਡੂ ਵੰਡ ਕੇ ਖੁਸ਼ੀ ਮਨਾਈ ਜਾਂਦੀ ਹੈ। ਕਈ ਥਾਈਂ ਤਾਂ ਧੀਆਂ ਦੀਆਂ ਲੋਹੜੀਆਂ ਵੀ ਮਨਾਈਆਂ ਜਾਣ ਲੱਗ ਪਈਆਂ ਹਨ ।




**ਪ੍ਰਸ਼ਨ: ਪੰਜਾਬ ਵਿੱਚ ਵਿਆਹ ਦੀ ਰਸਮ- ਰਿਵਾਜ ਕਿਹੜੇ ਹਨ? ਹੁਣ ਇਨ੍ਹਾਂ ਵਿੱਚ ਕੀ ਤਬਦੀਲੀ ਆ ਰਹੀ ਹੈ ?**

ਉੱਤਰ :**ਵਿਆਹ ਦੇ ਰਸਮ-ਰਿਵਾਜ :** ਮੁੰਡੇ ਅਤੇ ਕੁੜੀ ਦੇ ਜਵਾਨ ਹੋਣ ਤੇ ਘਰ ਵਿੱਚ ਵਿਆਹ ਦੀਆਂ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ। ਮੁੰਡੇ ਅਤੇ ਕੁੜੀ ਦੇ ਲਈ ਉਚਿਤ ਵਰ ਲੱਭਣ ਲਈ ਭਾਲ ਸ਼ੁਰੂ ਹੋ ਜਾਂਦੀ ਹੈ ।ਜਦੋਂ ਯੋਗ ਵਰ ਲੱਭ ਜਾਂਦਾ ਹੈ ਤਾਂ ਕਈ ਸਾਰੀਆਂ ਰਸਮਾਂ ਸ਼ੁਰੂ ਹੋ ਜਾਂਦੀਆਂ ਹਨ, ਜਿਨ੍ਹਾਂ ਬਾਰੇ ਵਿਸਥਾਰ ਹੇਠ ਲਿਖੇ ਅਨੁਸਾਰ ਹੈ :-

**ਰੋਕਣ ਜਾਂ ਠਾਕਣ ਦੀ ਰਸਮ** :ਮੁੰਡੇ ਅਤੇ ਕੁੜੀ ਦੇ ਵਿਆਹ ਲਈ ਸਭ ਤੋਂ ਪਹਿਲੀ ਰਸਮ ਰੋਕਣ ਜਾਂ ਠਾਕਣ ਦੀ ਹੁੰਦੀ ਹੈ। ਪਹਿਲੇ ਸਮਿਆਂ ਵਿੱਚ ਕੁੜੀ ਵਾਲੇ ਨਾਈ ਦੇ ਹੱਥ ਇੱਕ ਰੁਪਈਆ ਮੁੰਡੇ ਨੂੰ ਭੇਜ ਦਿੰਦੇ ਸਨ। ਜਿਸ ਦਾ ਮਤਲਬ ਸੀ ਕਿ ਮੰਗਣੀ ਭਾਵੇਂ ਕਦੀ ਵੀ ਹੋਵੇ ਰਿਸ਼ਤਾ ਪੱਕਾ ਕੀਤਾ ਜਾਂਦਾ ਸੀ। ਇਸ ਨੂੰ **ਰੋਕਣ ਜਾਂ ਠਾਕਣ ਦੀ ਰਸਮ** ਕਿਹਾ ਜਾਂਦਾ ਸੀ ਕਿਉਂਕਿ ਇੱਕ ਰੁਪਈਆ ਮੁੰਡੇ ਨੂੰ ਭੇਜ ਕੇ ਮੁੰਡੇ ਨੂੰ ਰੋਕ ਲਿਆ ਜਾਂਦਾ ਸੀ ।

**ਕੁੜਮਾਈ ਜਾਂ ਸਗਾਈ ਦੀ ਰਸਮ :**ਪਹਿਲੇ ਸਮਿਆਂ ਵਿੱਚ ਕੁੜਮਾਈ ਜਾਂ ਸਗਾਈ ਦੀ ਰਸਮ ਲਈ ਕੁੜੀ ਵਾਲੇ ਨਾਈ ਦੇ ਹੱਥ ਖੰਮਣੀ, ਰੁਪਿਆ, ਪੰਜ ਮਿਸਰੀ ਦੇ ਕੁੱਜੇ, ਪੰਜ ਛੁਹਾਰੇ, ਕੇਸਰ ਆਦਿ ਦੇ ਕੇ ਮੁੰਡੇ ਦੇ ਘਰ ਘੱਲ ਦਿੰਦੇ ਸਨ। ਮੁੰਡੇ ਵਾਲਿਆਂ ਨੇ ਰਿਸ਼ਤੇਦਾਰਾਂ ਅਤੇ ਸ਼ਰੀਕੇ ਵਿਚ ਸੱਦਾ ਭੇਜਿਆ ਹੁੰਦਾ ਸੀ। ਮੁੰਡੇ ਦੇ ਮਾਮਾ ਅਤੇ ਪਿਤਾ ਪੰਚਾਇਤ ਦੀ ਹਜ਼ੂਰੀ ਵਿੱਚ ਮੁੰਡੇ ਨੂੰ ਚੌਂਕੀ ਤੇ ਬਿਠਾ ਲੈਂਦੇ ਅਤੇ ਨਾਈ ਆਪਣੇ ਨਾਲ ਲਿਆਂਦੀਆਂ ਚੀਜ਼ਾਂ ਉਸ ਦੀ ਝੋਲੀ ਵਿੱਚ ਪਾ ਕੇ ਕੇਸਰ ਦਾ ਟਿੱਕਾ ਉਸਦੇ ਮੱਥੇ ਤੇ ਲਗਾ ਦਿੰਦਾ ਸੀ। ਮੁੰਡੇ ਵਾਲੇ ਨਾਈ ਦੇ ਹੱਥ ਮੰਗੇਤਰ ਕੁੜੀ ਲਈ ਸੂਟ, ਜੁੱਤੀ, ਗਹਿਣੇ, ਲਾਲ ਪਰਾਂਦੀ ,ਮਹਿੰਦੀ, ਖੰਮ੍ਹਣੀ ,ਖੰਡ, ਛੁਹਾਰੇ, ਚੌਲ ਤੇ ਨਕਦੀ ਭੇਜਦੇ ਸਨ ।ਕੁੜੀ ਨਹਾ ਧੋ ਕੇ ਭੇਜੇ ਕੱਪੜੇ ਪਹਿਨ ਕੇ ਚੜ੍ਹਦੇ ਵੱਲ ਮੂੰਹ ਕਰ ਕੇ ਪੀੜ੍ਹੇ ਉੱਪਰ ਬੈਠ ਜਾਂਦੀ ਸੀ। ਨਾਇਣ ਉਸਦੇ ਸਹੁਰਿਆਂ ਵੱਲੋਂ ਭੇਜੀ ਨਕਦੀ ਝੋਲੀ ਵਿੱਚ ਪਾ ਕੇ ਖੰਡ ਤੇ ਛੁਹਾਰੇ ਉਸਦੇ ਮੂੰਹ ਵਿੱਚ ਪਾ ਦਿੰਦੀ। ਇਸ ਤਰ੍ਹਾਂ ਇਹ ਕੁੜਮਾਈ ਜਾਂ ਸਗਾਈ ਦੀ ਰਸਮ ਕੀਤੀ ਜਾਂਦੀ ਸੀ।

**ਸਾਹੇ ਚਿੱਠੀ ਭੇਜਣਾ**: ਮੰਗਣੀ ਤੋਂ ਪਿੱਛੋਂ ਕਿਸੇ ਸ਼ੁਭ ਮਹੀਨੇ ਦੀ ਤਿੱਥ ਤੇ ਘੜੀ ਵਿਆਹ ਲਈ ਨਿਸ਼ਚਿਤ ਕਰ ਲਈ ਜਾਂਦੀ ਸੀ ।ਇਸ ਨੂੰ **ਸਾਹਾ ਕਢਵਾਉਣਾ** ਆਖਦੇ ਸਨ। ਵਿਆਹ ਵਿਚ ਥੋੜ੍ਹੇ ਦਿਨ ਰਹਿ ਜਾਣ ਤੇ ਕੁੜੀ ਵਾਲੇ ਸਾਹੇ ਚਿੱਠੀ ਲਿਖਵਾਉਂਦੇ ਸਨ। ਚਿੱਠੀ ਨੂੰ ਦੁੱਭ, ਚੌਲ ,ਹਲਦੀ ਖੰਮ੍ਹਣੀ ਆਦਿ ਵਿਚ ਲਪੇਟ ਕੇ ਨਾਈ ਦੇ ਹੱਥ ਮੁੰਡੇ ਵਾਲਿਆਂ ਨੂੰ ਭੇਜਿਆ ਜਾਂਦਾ ਸੀ। ਇਹ ਚਿੱਠੀ ਪੰਚਾਇਤ ਦੀ ਹਾਜ਼ਰੀ ਵਿੱਚ , ਮੁੰਡੇ ਨੂੰ ਬਿਠਾ ਕੇ ਸਭ ਦੇ ਸਾਹਮਣੇ ਖੋਲ੍ਹੀ ਜਾਂਦੀ ਸੀ ।ਇਸ ਚਿੱਠੀ ਤੋਂ ਪਿੱਛੋਂ ਦੋਹਾਂ ਘਰਾਂ ਵਿੱਚ ਵਿਆਹ ਦੀਆਂ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਸਨ । ਕੁੜੀ ਦੇ ਭਾਈਚਾਰੇ ਵਾਲੇ ਰੂੰ ਕੱਤਣ, ਪੀਹਣ ਦਾ ਕੰਮ ਮਿਲ ਕੇ ਕਰਦੇ ਸਨ ।ਮੁੰਡੇ ਵਾਲੇ ਵੀ ਆਪਣੇ ਘਰ ਵਰੀ ਆਦਿ ਤਿਆਰ ਕਰਨ ਵਿੱਚ ਲੱਗ ਜਾਂਦੇ ਸਨ।

**ਸਾਹੇ ਲੱਤ ਬੰਨ੍ਹਣਾ ਜਾਂ ਥੜ੍ਹੇ ਪਾਉਣਾ:** ਜਿਸ ਦਿਨ ਤੋਂ ਸ਼ਗਨ ਭੇਜ ਦਿੱਤਾ ਜਾਂਦਾ ਸੀ, ਮੁੰਡੇ ਅਤੇ ਕੁੜੀ ਦਾ ਉਸ ਦਿਨ ਤੋਂ ਹੀ ਘਰ ਤੋਂ ਬਾਹਰ ਜਾਣਾ ਬੰਦ ਕਰ ਦਿੱਤਾ ਜਾਂਦਾ ਸੀ, ਸਗੋਂ ਕਿਸੇ ਨਾਲ ਹੱਸਣਾ- ਬੋਲਣਾ, ਕੰਮ ਕਰਨਾ ਸਭ ਕੁਝ ਮਨਾਂ ਹੋ ਜਾਂਦਾ ਸੀ। ਇਸ ਨੂੰ ਸਾਹੇ ਲੱਤ ਬੰਨ੍ਹਣਾ ਜਾਂ ਥੜ੍ਹੇ ਪਾਉਣਾ ਕਹਿੰਦੇ ਸਨ ।ਅਜਿਹਾ ਕਿਸੇ ਵੀ ਪ੍ਰਕਾਰ ਦੀ ਦੁਰਘਟਨਾ ਤੋਂ ਬਚਾਉਣ ਦੇ ਲਈ ਕੀਤਾ ਜਾਂਦਾ ਸੀ ।

ਇਸ ਤੋਂ ਪਿੱਛੋਂ ਘਰ ਵਿੱਚ ਸੱਤ ਸੁਹਾਗਣਾਂ ਇਕੱਠੀਆਂ ਕਰ ਕੇ ਉਨ੍ਹਾਂ ਨੂੰ ਗੁੜ ਵੰਡਿਆ ਜਾਂਦਾ ਸੀ। ਇਹ ਸੱਤ ਸੁਹਾਗਣਾਂ ਵਿਆਹ ਦੇ ਹਰ ਕੰਮ ਵਿੱਚ ਇਕੱਠੀਆਂ ਹੁੰਦੀਆਂ ਸਨ ।

**ਕੜਾਹੀ ਚੜ੍ਹਾਉਣਾ :** ਸੱਤ ਜਾਂ ਨੌਂ ਦਿਨ ਪਹਿਲਾਂ ਕੜਾਹੀ ਚੜ੍ਹਾਈ ਜਾਂਦੀ ਸੀ। ਵਿਆਂਹਦੜ ਦੀ ਮਾਂ ਕੜਾਹੀ ਵਿਚ ਤਿਆਰ ਕੀਤੇ ਗੁਲਗੁਲੇ ਆਪਣੇ ਪੇਕਿਆਂ ਨੂੰ ਲੈ ਕੇ ਜਾਂਦੀ ਸੀ ਅਤੇ ਉਨ੍ਹਾਂ ਨੂੰ ਵਿਆਹ ਦਾ ਨਿਸ਼ਚਿਤ ਦਿਨ ਦੱਸ ਆਉਂਦੀ ਸੀ। ਫਿਰ ਉਹ **ਨਾਨਕੀ-ਛੱਕ** ਦੀ ਤਿਆਰੀ ਕਰਨ ਲੱਗਦੇ ਸਨ ।

**ਵਟਣਾ ਲਗਾਉਣਾ:** ਵਿਆਹ ਤੋਂ ਪਹਿਲਾਂ ਵੱਡੀ ਰੀਤ ਵਟਣੇ ਜਾਂ ਮਾਹੀਏ ਦੀ ਹੁੰਦੀ ਸੀ। ਬੰਨੜੇ ਜਾ ਬੰਨੜੀ ਦੇ ਸਿਰ ਉੱਤੇ ਚਾਰ ਕੁੜੀਆਂ ਕੰਨੀਆਂ ਫੜ ਕੇ ਪੀਲੀ ਚਾਦਰ ਜਾਂ ਚੰਦੋਆ ਤਾਣ ਕੇ ਖੜ੍ਹੀਆਂ ਹੋ ਜਾਂਦੀਆਂ ਸਨ । ਇੱਕ ਠੂਠੀ ਵਿਚ ਤੇਲ, ਪਾਣੀ, ਹਲਦੀ ਮਿਲਾ ਕੇ ਵਟਣਾ ਤਿਆਰ ਕੀਤਾ ਜਾਂਦਾ ਸੀ ਅਤੇ ਘਾਹ ਦੀ ਗੁੱਟੀ ਨਾਲ ਕੁੜੀ ਜਾਂ ਮੁੰਡੇ ਨੂੰ ਲਗਾਇਆ ਜਾਂਦਾ ਸੀ। ਇਹ ਵਿਆਹ ਵਾਲੇ ਦਿਨ ਤੱਕ ਲੱਗਦਾ ਸੀ ।

**ਨਾਨਕਾ- ਮੇਲ:** ਵਿਆਹ ਤੋ ਇੱਕ ਦਿਨ ਪਹਿਲਾਂ ਸੱਦੇ ਹੋਏ ਅੰਗ ਸਾਕ ਆਉਣੇ ਸ਼ੁਰੂ ਹੋ ਜਾਂਦੇ ਸਨ। ਸਭ ਤੋਂ ਵਧੇਰੇ ਮੇਲ ਨਾਨਕਿਆਂ ਦਾ ਹੁੰਦਾ ਸੀ ਜੋ ਆਪਣੀ ਦੋਹਤਰੀ ਜਾਂ ਦੋਹਤਮਾਨ ਲਈ ਗਹਿਣੇ , ਬਿਸਤਰੇ, ਪਲੰਘ, ਬਰਤਨ ਤੇ ਕੱਪੜੇ ਲੀੜੇ ਲੈ ਕੇ ਆਉਂਦੇ ਸਨ। ਬਾਕੀ ਮੇਲ ਚੋਹਲ-ਮੋਹਲ ਕਰਦਾ ਪਿੰਡ ਦੀ ਜੂਹ ਵਿੱਚ ਆ ਕੇ ਵੜਦਾ ਸੀ। ਵਿਆਂਹਦੜ ਦੀ ਮਾਂ ਆਪਣੇ ਪੇਕੇ ਪਰਿਵਾਰ ਦਾ ਸਵਾਗਤ ਕਰਦੀ ਸੀ। ਦੂਜੇ ਦਿਨ ਸੂਰਜ ਚੜ੍ਹਨ ਤੋਂ ਪਹਿਲਾਂ ਮੁੰਡੇ ਨੂੰ ਨੁਹਾ ਕੇ ਉਸ ਦੇ ਮਾਮੇ ਦੀ ਲਿਆਂਦੀ ਪੁਸ਼ਾਕ ਪਹਿਨਾਈ ਜਾਂਦੀ ਸੀ। ਇਸ ਤੋਂ ਪਿੱਛੋਂ ਉਸ ਦੇ ਸਿਰ ਤੇ ਸਿਹਰਾ ਬੰਨ੍ਹਿਆ ਜਾਂਦਾ ਸੀ।

**ਘੋੜੀ ਦੀ ਰਸਮ:** ਵਿਆਂਦੜ ਮੁੰਡੇ ਨੂੰ ਤਿਆਰ ਕਰਕੇ ਸਭ ਤੋਂ ਪਹਿਲਾਂ ਭਰਜਾਈ ਸੁਰਮਾ ਪਾਉਂਦੀ ਅਤੇ ਫਿਰ ਉਸ ਨੂੰ ਘੋੜੀ ਚੜ੍ਹਾਉਣ ਦੀ ਰਸਮ ਅਦਾ ਕੀਤੀ ਜਾਂਦੀ ਸੀ। ਮੁੰਡੇ ਦੀ ਭੈਣ ਘੋੜੀ ਦੀ ਵਾਗ ਫੜਦੀ ਅਤੇ ਉਸ ਦੀ ਘੋੜੀ ਨੂੰ ਪੀਲੀ-ਪੀਲੀ ਦਾਲ ਚਾਰਦੀ। ਸ਼ਰੀਕੇ ਕਬੀਲੇ ਦੀਆਂ ਸ਼ਰੀਕਣੀਆਂ ਔਰਤਾਂ ਸ਼ਗਨ ਦਿੰਦੀਆਂ ਸਨ ।

**ਮਿਲਣੀ ਦੀ ਰਸਮ:** ਜਦੋਂ ਸਾਰੀ ਜੰਞ ਪਿੰਡ ਵਿਚ ਪਹੁੰਚ ਜਾਂਦੀ ਤਾਂ ਪਿੰਡ ਦੇ ਦਰਵਾਜ਼ੇ ਜਾਂ ਡੇਰੇ ਵਿੱਚ ਮਿਲਣੀ ਦੀ ਰਸਮ ਅਦਾ ਕੀਤੀ ਜਾਂਦੀ ਸੀ ।ਮੁੰਡੇ ਵਾਲਿਆਂ ਦੀ ਗੋਤਣ ਕੋਈ ਕੁੜੀ ਉਸ ਪਿੰਡ ਵਿੱਚ ਵਿਆਹੀ ਹੁੰਦੀ ਤਾਂ ਉਸ ਦੇ ਘਰ ਮਠਿਆਈ ਤੇ ਰੁਪਏ ਸਮੇਤ ਪੱਤਲਾਂ ਭੇਜ ਕੇ ਉਸ ਦਾ ਮਾਣ ਸਤਿਕਾਰ ਵੀ ਕੀਤਾ ਜਾਂਦਾ ਸੀ।

**ਫੇਰਿਆਂ ਦੀ ਰਸਮ :**ਵਿਆਹ ਵਿੱਚ ਫੇਰਿਆਂ ਦੀ ਰਸਮ ਬਹੁਤ ਮਹੱਤਵਪੂਰਨ ਰਸਮ ਮੰਨੀ ਜਾਂਦੀ ਹੈ। ਕਿਉਂਕਿ ਇਸ ਤੋਂ ਬਗੈਰ ਵਿਆਹ ਨੂੰ ਸੰਪੂਰਨ ਨਹੀਂ ਸਮਝਿਆ ਜਾ ਸਕਦਾ। ਕੁੜੀ ਦਾ ਮਾਮਾ ਖਾਰਿਆਂ ਤੋਂ ਚੁੱਕ ਕੇ ਉਸ ਨੂੰ ਅੰਦਰ ਬਿਠਾ ਦਿੰਦਾ ਹੈ । ਫੇਰਿਆਂ ਦੀ ਰਸਮ ਵੱਖ- ਵੱਖ ਭਾਈਚਾਰਿਆਂ ਵਿਚ ਵੱਖ- ਵੱਖ ਹੁੰਦੀ ਹੈ। ਸਿੱਖ ਧਰਮ ਵਿੱਚ ਆਨੰਦ ਕਾਰਜ ਦੀ ਰਸਮ ਕੀਤੀ ਜਾਂਦੀ ਹੈ । ਮੁਸਲਮਾਨ ਲੋਕ ਨਿਕਾਹ ਦੀ ਰਸਮ ਅਤੇ ਆਮ ਕਰਕੇ ਹਿੰਦੂ ਲੋਕ ਫੇਰਿਆਂ ਦੀ ਰਸਮ ਕਰਦੇ ਹਨ ।

**ਵਰੀ ਦਿਖਾਉਣ ਦੀ ਰਸਮ:** ਜਾਂਞੀ ਵਿਆਂਦੜ ਕੁੜੀ ਲਈ ਜੋ ਵੀ ਸਾਮਾਨ ਲੈ ਕੇ ਆਉਂਦੇ ਹਨ ,ਉਹ ਕੁੜੀ ਵਾਲਿਆਂ ਦੇ ਭਾਈਚਾਰੇ ਵਿੱਚ ਦਿਖਾਇਆ ਜਾਂਦਾ ਹੈ। ਇਸ ਨੂੰ ਵਰੀ ਦਿਖਾਉਣਾ ਆਖਦੇ ਹਨ। ਕੁੜੀ ਵਾਲਿਆਂ ਵੱਲੋਂ ਮੁੰਡੇ ਅਤੇ ਆਪਣੀ ਧੀ ਨੂੰ ਦਿੱਤਾ ਗਿਆ ਦਾਜ ਦਾ ਸਾਰਾ ਸਾਮਾਨ ਵੀ ਦਿਖਾਇਆ ਜਾਂਦਾ ਹੈ।

**ਵਿਆਹ ਦੀਆਂ ਰਸਮਾਂ ਵਿੱਚ ਤਬਦੀਲੀ**: ਅੱਜਕੱਲ੍ਹ ਵਿਆਹ ਦੇ ਰਸਮਾਂ-ਰਿਵਾਜਾਂ ਵਿੱਚ ਲਗਾਤਾਰ ਤਬਦੀਲੀ ਆ ਰਹੀ ਹੈ। ਪਹਿਲਾਂ ਦੇ ਸਾਦ -ਮੁਰਾਦੇ ਵਿਆਹ ਅੱਜ-ਕੱਲ੍ਹ ਖ਼ਰਚੀਲੇ ਹੋ ਗਏ ਹਨ। ਜਿੱਥੇ ਪਹਿਲਾਂ ਠਾਕਾ ਜਾਂ ਕੁੜਮਾਈ ਇੱਕ ਰੁਪਏ ਨਾਲ ਹੁੰਦੀ ਸੀ, ਹੁਣ ਇੱਥੇ ਹਜ਼ਾਰਾਂ ਜਾਂ ਲੱਖਾਂ ਰੁਪਏ ਖਰਚ ਕੀਤੇ ਜਾਂਦੇ ਹਨ। ਅੱਜ-ਕੱਲ੍ਹ ਠਾਕੇ ਤੋਂ ਮਗਰੋਂ ਪੱਛਮੀ ਪ੍ਰਭਾਵ ਦੇ ਅਧੀਨ **ਰਿੰਗ ਸੈਰੇਮਨੀ** ਵੀ ਹੋਣ ਲੱਗ ਪਈ ਹੈ ।ਜਿਸ ਕਰਕੇ ਇਸ ਰਸਮ ਦਾ ਨਾਂ ਵੀ ਪੰਜਾਬੀ ਵਿਚ ਨਹੀਂ ਮਿਲਦਾ। ਅਜੋਕੇ ਵਿਆਹਾਂ ਵਿੱਚ ਠਾਕੇ, ਕੁੜਮਾਈ ਅਤੇ ਵਿਆਹ ਵਿੱਚ ਬਹੁਤਾ ਵਕਫਾ ਨਹੀਂ ਪੈਂਦਾ ਅਤੇ ਨਾ ਹੀ ਕੁੜਮਾਈ ਵਾਲੀ ਕੁੜੀ ਹਰ ਵੇਲੇ ਲਾਲ ਪਰਾਂਦੀ ਪਾਈ ਰੱਖਦੀ ਹੈ । ਸਾਹੇ ਚਿੱਠੀ ਤੋਂ ਮਗਰੋਂ ਵਿਆਹ ਆਰੰਭ ਕਰਨ ਦੀਆਂ ਰਸਮਾਂ ਵੀ ਘਟ ਰਹੀਆਂ ਹਨ। ਸੱਤ ਸੁਹਾਗਣਾਂ ਨੂੰ ਇਕੱਠਿਆਂ ਕਰਨ ਦੀ ਗੱਲ ਵੀ ਨਹੀਂ ਕੀਤੀ ਜਾਂਦੀ। ਹੁਣ ਗੁਲਗੁਲਿਆਂ ਦੀ ਥਾਵੇਂ ਮਹਿੰਗੀਆਂ- ਮਹਿੰਗੀਆਂ ਤੇ ਵਧੀਆ ਮਠਿਆਈਆਂ ਆ ਗਈਆਂ ਹਨ । ਵਟਣੇ ਵੀ ਪਹਿਲਾਂ ਜਿੰਨੇ ਨਹੀਂ ਲਗਾਏ ਜਾਂਦੇ। ਨਾਨਕਾ ਮੇਲ ਪਿੰਡ ਦੀ ਜੂਹ ਵਿੱਚ ਵੜਦਾ ਪਹਿਲਾਂ ਚੋਹਲ- ਮੋਹਲ ਕਰਦਾ ,ਬੰਬੀਹਾ ਬੁਲਾਉਂਦਾ ਸੀ । ਹੁਣ ਨਾ ਹੀ ਕੋਈ ਚੋਹਲ -ਮੋਹਲ ਅਤੇ ਨਾ ਹੀ ਕੋਈ ਬੰਬੀਹਾ ਬੁਲਾਇਆ ਜਾਂਦਾ ਹੈ। ਫੇਰਿਆਂ ਸਮੇਂ ਵੀ ਕੁੜੀ ਚੁੱਕ ਕੇ ਲਿਆਉਣ ਦੀ ਥਾਂ ਉਸ ਦੀਆਂ ਸਹੇਲੀਆਂ ਅਤੇ ਇਸਤਰੀਆਂ ਹੀ ਲੈ ਆਉਂਦੀਆਂ ਹਨ। ਇਸ ਤੋਂ ਇਲਾਵਾ ਹੁਣ ਕੁੱਝ ਵਿਆਹ ਮੁੰਡੇ -ਕੁੜੀ ਦੀ ਮਰਜ਼ੀ ਨਾਲ ਹੀ ਬਿਨਾਂ ਮਾਪਿਆਂ ਅਤੇ ਜਾਂਞੀਆਂ ਤੋਂ ਅਦਾਲਤਾਂ ਵਿੱਚ ਵੀ ਹੋਣ ਲੱਗ ਪਏ ਹਨ। ਵਿਆਹ ਤੋਂ ਪਿੱਛੋਂ **ਰਿਸੈਪਸ਼ਨ** ਨਾਂ ਦਾ ਇੱਕ ਹੋਰ ਨਵਾਂ ਰਿਵਾਜ ਜ਼ਰੂਰ ਸ਼ੁਰੂ ਹੋ ਚੁੱਕਾ ਹੈ।

- ਰੋਕਣ ਜਾਂ ਠਾਕਣ ਦੀ ਰਸਮ
- ਕੁੜਮਾਈ ਜਾਂ ਸਗਾਈ ਦੀ ਰਸਮ
- ਸਾਹੇ ਚਿੱਠੀ ਭੇਜਣਾ
- ਸਾਹੇ ਲੱਤ ਬੰਨ੍ਹਣਾ ਜਾਂ ਥੜ੍ਹੇ ਪਾਉਣਾ
- ਕੜਾਹੀ ਚੜ੍ਹਾਉਣਾ
- ਵੱਟਣਾ ਲਗਾਉਣਾ
- ਨਾਨਕਾ ਮੇਲ
- ਘੋੜੀ ਦੀ ਰਸਮ
- ਮਿਲਣੀ ਦੀ ਰਸਮ
- ਫੇਰਿਆਂ ਦੀ ਰਸਮ
- ਵਰੀ ਦਿਖਾਉਣ ਦੀ ਰਸਮ

ਪ੍ਰਸ਼ਨ :ਵਿਆਹ ਕੇ ਲਿਆਉਣ ਮਗਰੋਂ ਮੁੰਡੇ ਦੇ ਘਰ ਵਿੱਚ ਕਿਹੜੀਆਂ- ਕਿਹੜੀਆਂ ਰਸਮਾਂ ਕੀਤੀਆਂ ਜਾਂਦੀਆਂ ਹਨ ?

ਉੱਤਰ: ਵਿਆਹ ਕੇ ਲਿਆਉਣ ਤੋਂ ਮਗਰੋਂ ਮੁੰਡੇ ਦੇ ਘਰ ਵਿੱਚ ਵੀ ਬਹੁਤ ਸਾਰੀਆਂ ਰਸਮਾਂ ਕੀਤੀਆਂ ਜਾਂਦੀਆਂ ਹਨ, ਜਿਵੇਂ:




**ਪਾਣੀ ਵਾਰਨਾ** :ਵਿਆਹ ਕੇ ਲਿਆਉਣ ਤੋਂ ਮਗਰੋਂ ਮੁੰਡੇ ਦੇ ਲਾੜੀ ਸਮੇਤ ਘਰ ਪਹੁੰਚਣ ਤੇ ਪਹਿਲੀ ਰਸਮ ਮੁੰਡੇ ਦੀ ਮਾਂ ਦੁਆਰਾ ਮੁੰਡੇ ਦੇ ਸਿਰ ਉੱਤੋਂ ਪਾਣੀ ਵਾਰਨ ਦੀ ਹੁੰਦੀ ਹੈ। ਮੁੰਡੇ ਦੀ ਮਾਂ ਦੀਵਾ ਲੈ ਕੇ ਨੂੰਹ ਪੁੱਤ ਨੂੰ ਲੈਣ ਜਾਂਦੀ ਹੈ ।ਦਰਵਾਜ਼ੇ ਤੇ ਉਹ ਪਾਣੀ ਨਾਲ ਸੱਤ ਵਾਰੀ ਵਾਰਨੇ ਕਰਦੀ ਹੈ। ਸੱਤ ਵਾਰੀ ਪਾਣੀ ਮੂੰਹ ਨੂੰ ਲਾਉਂਦੀ ਹੈ ਤੇ ਪੁੱਤਰ ਉਸ ਨੂੰ ਪਾਣੀ ਪੀਣ ਤੋਂ ਰੋਕਦਾ ਹੈ। ਸੱਤਵੀਂ ਵਾਰੀ ਉਸਦੀਆਂ ਦਰਾਣੀਆਂ-ਜਠਾਣੀਆਂ ਵੀ ਉਸ ਨੂੰ ਪਾਣੀ ਨਹੀਂ ਪੀਣ ਦਿੰਦੀਆਂ। ਅਜਿਹਾ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਮਾਂ ਅਜਿਹਾ ਕਰਨ ਸਮੇਂ ਆਪਣੇ ਨੂੰਹ-ਪੁੱਤਰ ਦੀਆਂ ਬਲਾਵਾਂ ਆਪਣੇ ਸਿਰ ਲੈਂਦੀ ਹੈ ।

**ਮੂੰਹ ਦੇਖਣਾ**: ਇਸ ਪਿੱਛੋਂ ਭਾਈਚਾਰੇ ਦੀਆਂ ਔਰਤਾਂ ਸ਼ਗਨ ਪਾਉਂਦੀਆਂ ਹਨ ਤੇ ਲਾੜੀ ਦਾ ਮੂੰਹ ਦੇਖਦੀਆਂ ਹਨ ।

**ਪਿੱਤਰਾਂ ਦੀ ਪੂਜਾ**: ਅਗਲੇ ਦਿਨ ਲਾੜਾ ਤੇ ਲਾੜੀ ਪਿੱਤਰਾਂ, ਸ਼ਹੀਦਾਂ ਜਾਂ ਤੁਲਸੀ ਦੇ ਬੂਟੇ ਦੀ ਪੂਜਾ ਕਰਦੇ ਹਨ ।

**ਛਟੀਆਂ ਤੇ ਕੰਗਨਾ ਖੇਲ੍ਹਣਾ** :ਕਈ ਥਾਈਂ ਲਾੜਾ- ਲਾੜੀ ਛਟੀਆਂ ਤੇ ਕੰਗਨਾ ਖੇਲਦੇ ਹਨ। ਲਾੜਾ ਤੇ ਲਾੜੀ ਇੱਕ ਦੂਜੇ ਦੇ ਸੱਤ-ਸੱਤ ਛਟੀਆਂ ਮਾਰਦੇ ਹਨ। ਇਸੇ ਸ਼ਾਮ ਨੂੰ ਕੰਗਣਾ ਖੇਡਿਆ ਜਾਂਦਾ ਹੈ। ਕਿਸੇ ਖੁੱਲ੍ਹੇ ਬਰਤਨ ਵਿੱਚ ਕੱਚੀ ਲੱਸੀ ਪਾ ਕੇ ਉਸਦੇ ਵਿੱਚ ਕੋਈ ਸਿੱਕਾ ਜਾਂ ਮੁੰਦਰੀ ਸੁੱਟ ਕੇ ਉਸ ਨੂੰ ਲੱਭਣ ਲਈ ਲਾੜਾ ਤੇ ਲਾੜੀ ਨੂੰ ਉਸ ਦੁਆਲੇ ਬਿਠਾਇਆ ਜਾਂਦਾ ਹੈ। ਜੋ ਇਸ ਨੂੰ ਪਹਿਲਾਂ ਲੱਭ ਦੇਵੇ ਉਸ ਨੂੰ ਜੇਤੂ ਮੰਨਿਆ ਜਾਂਦਾ ਹੈ ।

**ਪੇਟੀ ਖੋਲ੍ਹਣਾ:** ਤੀਜੇ ਦਿਨ ਲਾੜੀ ਨੂੰ ਵਾਪਸ ਭੇਜਣ ਤੋਂ ਪਹਿਲਾਂ ਪਿੰਡ ਨੂੰ **ਦਿਖਾਵਾ** ਦਿਖਾਇਆ ਜਾਂਦਾ ਹੈ। ਵਹੁਟੀ ਦੀ ਛੋਟੀ ਨਨਾਣ ਪੇਟੀ ਖੋਲ੍ਹਦੀ ਹੈ। ਉਹ ਪੇਟੀ ਖੁਲ੍ਹਾਈ ਵਜੋਂ ਮਨ-ਭਾਉਂਦਾ ਸੂਟ ਕੱਢ ਲੈਂਦੀ ਹੈ।

**ਪ੍ਰਸ਼ਨ: ਜੀਵ ਦੀ ਮੌਤ ਹੋ ਜਾਣ ਤੇ ਕਿਹੜੀਆਂ- ਕਿਹੜੀਆਂ ਰਸਮਾਂ ਕੀਤੀਆਂ ਜਾਂਦੀਆਂ ਹਨ?**

**ਉੱਤਰ:-** **ਮੌਤ ਦੀਆਂ ਰਸਮਾਂ**: ਵਿਅਕਤੀ ਦੇ ਪ੍ਰਾਣ ਤਿਆਗਣ ਤੋਂ ਪਿੱਛੋਂ ਤੀਵੀਆਂ ਘਰ ਵਿਚ ਵੈਣ ਪਾਉਣ ਲੱਗਦੀਆਂ ਹਨ ਅਤੇ ਮਰਦ ਬਾਹਰ ਫੂਹੜੀ ਵਿਛਾ ਕੇ ਬੈਠ ਜਾਂਦੇ ਹਨ ।ਮਰਨ ਵਾਲੇ ਦੇ ਚੰਗੇ ਗੁਣਾਂ ਨੂੰ ਯਾਦ ਕੀਤਾ ਜਾਂਦਾ ਹੈ।

**ਆਖ਼ਰੀ ਇਸ਼ਨਾਨ:** ਫੇਰ ਮ੍ਰਿਤਕ ਨੂੰ ਆਖ਼ਰੀ ਇਸ਼ਨਾਨ ਕਰਵਾਇਆ ਜਾਂਦਾ ਹੈ । ਜੇ ਸੁਹਾਗਣ ਮਰੀ ਹੋਵੇ ਤਾਂ ਹਿੰਦੂ ਰੀਤਾਂ ਅਨੁਸਾਰ ਕੱਪੜਿਆਂ ਨਾਲ ਗਹਿਣੇ, ਲਾਲ ਚੰਦੋਰੀ ਪਹਿਨਾ ਕੇ, ਹੱਥਾਂ-ਪੈਰਾਂ ਨੂੰ ਮਹਿੰਦੀ ਤੇ ਹੋਠਾਂ ਨੂੰ ਦੰਦਾਸਾ,ਅੱਖਾਂ ਵਿੱਚ ਸੁਰਮਾ , ਬੀਣੀ ਉੱਤੇ ਚੂੜੀਆਂ ਤੇ ਮੱਥੇ ਉਤੇ ਬਿੰਦੀ ਲਾ ਕੇ ਅੰਤਿਮ ਯਾਤਰਾ ਲਈ ਤਿਆਰ ਕਰਦੇ ਹਨ ।

**ਅਰਥੀ :** ਅਰਥੀ ਵਾਸਤੇ ਬਾਂਸ ਜਾਂ ਬੇਰੀ ਦੀ ਲੱਕੜੀ ਵਰਤੀ ਜਾਂਦੀ ਹੈ। ਕਿੱਲਾਂ ਦੀ ਥਾਂ ਮੁੰਜ ਆਦਿ ਨਾਲ ਹੀ ਅਰਥੀ ਦੀਆਂ ਲੱਕੜੀਆਂ ਨੂੰ ਬੰਨ੍ਹਿਆ ਜਾਂਦਾ ਹੈ ।

**ਸਿਵਿਆਂ ਨੂੰ ਜਾਣਾ :** ਘਰ ਤੋਂ ਸਿਵਿਆਂ ਨੂੰ ਜਾਂਦੇ ਸਮੇਂ ਮ੍ਰਿਤਕ ਦੇ ਰਿਸ਼ਤੇਦਾਰ ਉਸ ਦੀ ਅਰਥੀ ਨੂੰ ਆਪਣੇ ਮੋਢਿਆਂ ਉੱਤੇ ਚੁੱਕ ਕੇ ਲਿਆਂਦੇ ਹਨ । ਘਰੋਂ ਤੁਰਨ ਸਮੇਂ ਰਸਮੀ ਤੌਰ ਤੇ ਉਸ ਦੀ ਮ੍ਰਿਤਕ ਦੇਹ ਤੋਂ ਪੈਸੇ ਵਾਰ ਕੇ ਉਸ ਦਾ ਭਾੜਾ ਜਾਂ ਕਿਰਾਇਆ ਉਤਾਰ ਦਿੱਤਾ ਜਾਂਦਾ ਹੈ ।ਅੱਧ-ਮਾਰਗ ਤੋਂ ਪਿੱਛੋਂ ਇਸਤਰੀਆਂ ਉੱਥੇ ਹੀ ਬੈਠ ਜਾਂਦੀਆਂ ਹਨ ਅਤੇ ਮਰਦ ਅਰਥੀ ਨਾਲ ਚਲੇ ਜਾਂਦੇ ਹਨ । ਸ਼ਮਸਾਨ ਭੂਮੀ ਵਿਚ ਪਹੁੰਚ ਕੇ ਅਰਥੀ ਲਾਹ ਲੈਂਦੇ ਹਨ ਤੇ ਚਿਖਾ ਵਾਸਤੇ ਲੱਕੜੀਆਂ ਚਿਣ ਲੈਂਦੇ ਹਨ ।ਫਿਰ ਮ੍ਰਿਤਕ ਨੂੰ ਚਿਖਾ ਉੱਤੇ ਲਿਟਾ ਦਿੱਤਾ ਜਾਂਦਾ ਹੈ ।

**ਲਾਂਬੂ ਤੇ ਕਪਾਲ ਕਿਰਿਆ ਦੀ ਰਸਮ:** ਇਸ ਤੋਂ ਪਿੱਛੋਂ ਵੱਡਾ ਪੁੱਤਰ ਆਪਣੇ ਹੱਥਾਂ ਵਿਚ ਲਾਂਬੂ ਲੈ ਕੇ ਸੱਜਿਓਂ ਖੱਬੇ ਨੂੰ ਇਕ ਗੇੜਾ ਚਿਖਾ ਦੇ ਦੁਆਲੇ ਕੱਢਦਾ ਹੈ । ਮ੍ਰਿਤਕ ਦੇ ਪੈਰਾਂ ਕੋਲ ਪਹੁੰਚ ਕੇ ਉਹ ਚਿਖਾ ਨੂੰ ਲਾਂਬੂ ਲਾ ਦਿੰਦਾ ਹੈ। ਅੱਗ ਲੱਗ ਜਾਣ ਤੇ ਅਰਥੀ ਨਾਲ ਆਏ ਸਾਰੇ ਆਦਮੀ ਦੂਰ ਖਲੋ ਜਾਂਦੇ ਹਨ । ਜਦ ਚਿਖਾ ਜਲ ਕੇ ਮੁਰਦੇ ਦੀ ਖੋਪਰੀ ਦਿਖਾਈ ਦੇਣ ਲੱਗ ਜਾਵੇ ਤਾਂ ਕੋਈ ਆਦਮੀ ਅਰਥੀ ਦਾ ਇਕ ਡੰਡਾ ਕੱਢ ਕੇ ਮੁਰਦੇ ਦੀ ਖੋਪੜੀ ਟਕੋਰ ਕੇ **ਕਪਾਲ ਕਿਰਿਆ** ਦੀ ਰਸਮ ਕਰਦਾ ਹੈ ਅਤੇ ਹਥਲਾ ਡੰਡਾ ਚਿਖਾ ਦੇ ਉੱਪਰੋਂ ਲਾਸ਼ ਦੇ ਪੈਰਾਂ ਤੋਂ ਪਾਰ ਸੁੱਟ ਦਿੰਦਾ ਹੈ ।

**ਵਾਪਸੀ :** ਇਸ ਪਿੱਛੋਂ ਅਰਥੀ ਨਾਲ ਆਏ ਸਾਰੇ ਬੰਦੇ ਚਿਖਾ ਦੇ ਬਾਹਰ ਪਏ ਬਾਲਣ ਨੂੰ ਚਿਖਾ ਉੱਤੇ ਸੁਟਦੇ ਹਨ ਅਤੇ ਫਿਰ ਬਿਨਾਂ ਪਿੱਛਾਂਹ ਦੇਖਿਆ ਵਾਪਸ ਤੁਰ ਪੈਂਦੇ ਹਨ । ਇਸ ਸਮੇਂ ਮ੍ਰਿਤਕ ਨਾਲ ਸਬੰਧ ਤੋੜਨ ਲਈ ਕਈ ਲੋਕ ਡੱਕਾ ਤੋੜਦੇ ਹਨ ਤੇ ਕਈ ਕੰਡਾ। ਕਈ-ਕਈ ਨਿੰਮ ਦੀ ਪੱਤੀ ਚਬਾਉਂਦੇ ਹਨ ਤੇ ਕਈ ਅੱਕ ਦਾ ਦੁੱਧ ਚਹਾ ਦਿੰਦੇ ਹਨ। ਰਸਤੇ ਵਿੱਚ ਸਾਰੇ ਲੋਕ ਕਿਸੇ ਖੂਹ, ਟੋਭੇ ਜਾਂ ਛੱਪੜ ਉਤੇ ਇਸ਼ਨਾਨ ਕਰਦੇ ਜਾਂ ਹੱਥ ਧੋਂਦੇ ਹਨ।

**ਫੁੱਲ ਚੁਗਣੇ :** ਤੀਜੇ ਦਿਨ ਮ੍ਰਿਤਕ ਦੇ ਫੁੱਲ ਚੁਗੇ ਜਾਂਦੇ ਹਨ। ਉਨ੍ਹਾਂ ਨੂੰ ਹਰਦਵਾਰ ਜਾਂ ਕੀਰਤਪੁਰ ਸਾਹਿਬ ਵਿਖੇ ਜਲ- ਪ੍ਰਵਾਹ ਕੀਤਾ ਜਾਂਦਾ ਹੈ ।

**ਦਸਤਾਰਬੰਦੀ:** ਇਸ ਤੋਂ ਕੁਝ ਦਿਨਾਂ ਤੱਕ ਮਕਾਣਾਂ ਆਉਂਦੀਆਂ ਹਨ। ਹੰਗਾਮੇ ਦੇ ਦਿਨ ਇੱਕ ਰਸਮ ਦਸਤਾਰਬੰਦੀ ਕੀਤੀ ਜਾਂਦੀ ਹੈ।ਭਾਈਚਾਰੇ ਦੀ ਹਾਜ਼ਰੀ ਵਿਚ ਵੱਡਾ ਪੁੱਤਰ ਆਪਣੇ ਸਹੁਰਿਆਂ ਵੱਲੋਂ ਦਿੱਤੀ ਪੱਗ ਬੰਨ੍ਹਦਾ ਹੈ ਤੇ ਉਹ ਆਪਣੇ ਪਿਤਾ ਦਾ ਵਾਰਸ ਬਣ ਜਾਂਦਾ ਹੈ।




**ਮੁਸਲਿਮ ਭਾਈਚਾਰੇ ਦੀਆਂ ਰਸਮਾਂ** : ਮੁਸਲਮਾਨ ਭਾਈਚਾਰੇ ਦੀਆਂ ਰਸਮਾਂ ਵਿਚ ਹਿੰਦੂਆਂ, ਸਿੱਖਾਂ ਨਾਲੋਂ ਦੋ ਵੱਡੇ ਫਰਕ ਹਨ। ਉਹ ਅੰਮ੍ਰਿਤ ਪਾਨ ਤੇ ਜਨੇਊ ਦੀ ਥਾਂ ਸੁੰਨਤ ਕਰਦੇ ਹਨ ਤੇ ਮੌਤ ਉਪਰੰਤ ਮ੍ਰਿਤਕ ਦੇਹ ਨੂੰ ਦਫਨਾਉਂਦੇ ਹਨ ।

**ਪ੍ਰਸ਼ਨ : ਪੰਜਾਬ ਦੇ ਰਸਮ-ਰਿਵਾਜ ਦੇ ਪੱਖੋਂ ਵੱਖ- ਵੱਖ ਧਾਰਮਿਕ ਭਾਈਚਾਰਿਆਂ ਵਿੱਚ ਕੀ ਕੀ ਭਿੰਨਤਾ ਹੈ ?**

ਉੱਤਰ: ਪੰਜਾਬ ਵਿੱਚ ਹਿੰਦੂ ਬੱਚੇ ਮੁੰਡਨ ਕਰਦੇ ਤੇ ਜਨੇਊ ਪਹਿਨਾਉਂਦੇ ਹਨ। ਸਿੱਖ ਅੰਮ੍ਰਿਤ ਛਕਾਉਂਦੇ ਹਨ। ਮੁਸਲਮਾਨ ਸੁੰਨਤ ਕਰਦੇ ਹਨ। ਹਿੰਦੂ ਲਗਨ ਫੇਰਿਆਂ ਨਾਲ ਵਿਆਹ ਕਰਦੇ ਹਨ। ਸਿੱਖ ਆਨੰਦ-ਕਾਰਜ ਪਰ ਮੁਸਲਮਾਨ ਨਿਕਾਹ ਦੀ ਰਸਮ ਅਦਾ ਕਰਦੇ ਹਨ। ਹਿੰਦੂ ਤੇ ਸਿੱਖ ਮੁਰਦਿਆਂ ਨੂੰ ਸਾੜਦੇ ਹਨ ਪਰ ਮੁਸਲਮਾਨ ਦਫ਼ਨਾਉਂਦੇ ਹਨ ।

ਭਾਰਤ ਅਨੇਕਤਾ ਵਿੱਚ ਏਕਤਾ ਵਾਲਾ ਦੇਸ਼ ਹੈ। ਇੱਥੇ ਵੱਖ- ਵੱਖ ਧਰਮਾਂ, ਜਾਤਾਂ, ਨਸਲਾਂ ਦੇ ਲੋਕ ਮਿਲ ਕੇ ਰਹਿੰਦੇ ਹਨ। ਇਸੇ ਤਰ੍ਹਾਂ ਰਸਮ-ਰਿਵਾਜ ਸਮੁੱਚਾ ਭਾਈਚਾਰਾ ਮਿਲ ਕੇ ਨੇਪਰੇ ਚਾੜ੍ਹਦਾ ਹੈ , ਪਰ ਫੇਰ ਵੀ ਵੱਖ- ਵੱਖ ਭਾਈਚਾਰਿਆਂ ਵਿਚ ਧਾਰਮਿਕ ਤੌਰ ਤੇ ਰਸਮਾਂ-ਰਿਵਾਜਾਂ ਵਿੱਚ ਭਿੰਨਤਾ ਪਾਈ ਜਾਂਦੀ ਹੈ ।

**ਜਨਮ ਤੇ ਰਸਮਾਂ-ਰਿਵਾਜਾਂ ਵਿੱਚ ਭਿੰਨਤਾ** : ਜਨਮ ਦੇ ਰਸਮਾਂ-ਰਿਵਾਜਾਂ ਵਿੱਚ ਧਾਰਮਿਕ ਤੌਰ ਤੇ ਵੱਖ- ਵੱਖ ਭਾਈਚਾਰਿਆਂ ਵਿਚ ਵਖਰੇਵਾਂ ਮਿਲਦਾ ਹੈ। ਜਨਮ ਸਮੇਂ ਪੰਜਾਬ ਵਿਚ ਹਿੰਦੂ ਲੋਕ ਬੱਚਿਆਂ ਦਾ ਮੁੰਡਨ ਕਰਦੇ ਹਨ ਤੇ ਜਨੇਊ ਪਹਿਨਾਉਂਦੇ ਹਨ। ਸਿੱਖ ਭਾਈਚਾਰੇ ਵਿੱਚ ਅੰਮ੍ਰਿਤ ਛਕਾਉਣ ਦੀ ਰਸਮ ਕੀਤੀ ਜਾਂਦੀ ਹੈ ਅਤੇ ਮੁਸਲਮਾਨ ਲੋਕ ਜਨਮ ਸਮੇਂ ਸੁੰਨਤ ਕਰਦੇ ਹਨ ।

**ਵਿਆਹ ਦੇ ਰਸਮ-ਰਿਵਾਜ ਵਿੱਚ ਭਿੰਨਤਾ** :ਵਿਆਹ ਇੱਕ ਅਜਿਹਾ ਕਾਰਜ ਹੈ, ਜਿਸ ਨੂੰ ਭਿੰਨ-ਭਿੰਨ ਰਸਮਾਂ ਦੁਬਾਰਾ ਨੇਪਰੇ ਚਾੜ੍ਹਿਆ ਜਾਂਦਾ ਹੈ। ਧਾਰਮਿਕ ਭਾਈਚਾਰਿਆਂ ਦੇ ਤੌਰ ਤੇ ਹਿੰਦੂ ਲੋਕ ਵਿਆਹ ਲਗ- ਫੇਰਿਆਂ ਨਾਲ ਕਰਦੇ ਹਨ। ਸਿੱਖ ਵਿੱਚ ਆਨੰਦ-ਕਾਰਜ ਦੀ ਰਸਮ ਹੁੰਦੀ ਹੈ ਅਤੇ ਮੁਸਲਮਾਨ ਭਾਈਚਾਰੇ ਦੇ ਲੋਕ ਨੇ ਨਿਕਾਹ ਦੀ ਰਸਮ ਕਰਦੇ ਹਨ ।

**ਮੌਤ ਦੇ ਰਸਮ-ਰਿਵਾਜਾਂ ਵਿੱਚ ਭਿੰਨਤਾ** : ਜਦੋਂ ਕੋਈ ਮਨੁੱਖ ਮਰ ਜਾਂਦਾ ਹੈ ਤਾਂ ਉਸ ਦੀ ਅੰਤਮ ਯਾਤਰਾ ਨੂੰ ਕੋਈ ਕਈ ਤਰ੍ਹਾਂ ਦੀਆਂ ਰਸਮਾਂ ਨਾਲ ਪੂਰਾ ਕੀਤਾ ਜਾਂਦਾ ਹੈ । ਹਿੰਦੂ ਅਤੇ ਸਿੱਖ ਮੁਰਦੇ ਨੂੰ ਜਲਾਉਂਦੇ ਹਨ ਪਰ ਮੁਸਲਮਾਨ ਭਾਈਚਾਰਾ ਆਪਣੇ ਵਿਸਵਾਸ ਅਨੁਸਾਰ ਮੁਰਦੇ ਨੂੰ ਮਿੱਟੀ ਵਿੱਚ ਦਫ਼ਨ ਕਰ ਦਿੰਦਾ ਹੈ ।



| | ਜਨਮ ਤੇ ਰਸਮਾਂ-ਰਿਵਾਜਾਂ | ਵਿਆਹ ਦੇ ਰਸਮ-ਰਿਵਾਜ | ਮੌਤ ਦੇ ਰਸਮ-ਰਿਵਾਜ |
|---|---|---|---|
| ਮੁਸਲਮਾਨ ਭਾਈਚਾਰਾ | ਸੁੰਨਤ ਕਰਨਾ | ਨਿਕਾਹ ਦੀ ਰਸਮ | ਮੁਰਦੇ ਨੂੰ ਮਿੱਟੀ ਵਿੱਚ ਦਫ਼ਨ ਕਰਨਾ |
| ਸਿੱਖ ਭਾਈਚਾਰਾ | ਅੰਮ੍ਰਿਤ ਛਕਾਉਣਾ | ਆਨੰਦ-ਕਾਰਜ ਦੀ ਰਸਮ | ਮੁਰਦੇ ਨੂੰ ਜਲਾਉਣਾ |
| ਹਿੰਦੂ ਭਾਈਚਾਰਾ | ਮੁੰਡਨ ਤੇ ਜਨੇਊ | ਲਗਨ-ਫੇਰਿਆਂ ਦੀ ਰਸਮ | ਮੁਰਦੇ ਨੂੰ ਜਲਾਉਣਾ |